# ਸਾਹਿਤਨਾਮਾ

ਆਪਣੀ ਮਾਂ ਬੋਲੀ 'ਪੰਜਾਬੀ' ਲਿਖਣ, ਪੜ੍ਹਨ ਅਤੇ ਬੋਲਣ ਵਿੱਚ ਝਿਜਕ ਮਹਿਸੂਸ ਨਾ ਕਰੋ,
ਸਗੋਂ ਮਾਣ ਅਤੇ ਫਖਰ ਨਾਲ ਆਪਣੇ ਬੱਚਿਆਂ ਨੂੰ ਵੀ ਸਿਖਾਓ!!

" ਪਰਿਵਰਤਨ ਹਰ ਯੁੱਗ ਦੀ ਜ਼ਰੂਰਤ ਹੈ ਤੇ ਅੱਜ ਦੇ ਸਮੇਂ 'ਚ
ਕੰਮਪਿਊਟਰ ਲਿਖਾਰੀ ਦੀ ਕਲਮ ਹੈ ।"



ਨਵਜੋਤ ਬਰਾੜ
ਸੰਪਾਦਕ
(905) 793-0280
sahit@rogers.com

## ਗ਼ਜ਼ਲ
-ਡਾ. ਜਗਤਾਰ

ਸਮਝੇ ਖ਼ੁਦਾ ,ਖ਼ੁਦਾ ਦਾ ਜੋ ਘਰ ਜਲਾ ਗਏ ਨੇ।
ਪਰ ਸ਼ਹਿਰ ਕਿਉ ਲਹੂ ਦਾ ਦਰਿਆਂ ਬਣਾ ਗਏ ਨੇ ।

ਚਿੜੀਆਂ ਦਾ ਫਿਕਰ ਕਿੰਨੈ ਸਾਰੇ ਨਿਜਾਮ ਤਾਈਂ,
ਹਰ ਆਲ੍ਹਣੇ ਦੀ ਰਾਖੀ ,ਸ਼ਿਕਰੇ ਬਿਠਾ ਗਏ ਨੇ।

ਕਿਆ ਬਰਫਬਾਰੀਓਂ ਹੈ ,ਮੌਸਮ ਬਚਾਉਣ ਦਾ ਗੁਰ,
ਇਕ ਇਕ ਗੁਲਾਬ ਚੁਣ ਕੇ ਧੁੱਪਾਂ 'ਚ ਪਾ ਗਏ ਨੇ।

ਤਕਸੀਮ ਹੋ ਗਏ ਨੇ, ਬੰਦੇ ਖ਼ੁਦਾ ਵਤਨ ਵੀ,
ਪੱਟੀ ਖ਼ੁਦਾ ਦੇ ਵਾਰੀਸ, ਐਸੀ ਪੜਾ ਗਏ ਨੇ।

ਧੁੱਪਾਂ 'ਚ ਕੁਝ ਕਹੇਗਾ ,ਬਾਰਿਸ਼ 'ਚ ਕੁਝ ਕਹੇਗਾ,
ਇਕ ਇਸ਼ਤਿਹਾਰ ਐਸਾ ਹਰ ਘਰ 'ਚ ਲਾ ਗਏ ਨੇ।

ਮਕਤਲ ਹੀ ਬਣ ਗਿਆ ਹੈ ,ਸਾਰਾ ਵਤਨ ਏ ਮੇਰਾ,
ਤਲਵਾਰ ਨੂੰ ਉਹ ਐਸਾ, ਭੂਏ ਚੜਾ ਗਏ ਨੇ।

ਮਲਬੇ 'ਚ ਨੇ ਗਵਾਚੇ ,ਰਸਤੇ ਵੀ ਸਭ ਘਰਾਂ ਦੇ,
ਵਸਦੇ ਨਗਰ ਨੂੰ ਐਸਾ ,ਖੰਡਹਰ ਬਣਾ ਗਏ ਨੇ।

## ਗ਼ਜ਼ਲ
-ਐਸ. ਤਰਸੇਮ

ਇਸਪਾਤੀ ਯੁਗ ਅੰਦਰ ਸੁੱਚੇ ਮੁਲਾਂ ਦਾ ਕਿਰਦਾਰ।
ਮਿੱਟੀ ਦੇ ਭਾਂਡੇ ਵਾਂਗੂੰ ਹੈ ਹੋ ਚੁਕਾ ਬੇਕਾਰ।

ਉਸ ਕੋਠੀ ਵਿਚ ਰੋਂਦੀ ਰਹਿੰਦੀ ਸੁੰਦਰ ਇਕ ਮੁਟਿਆਰ
ਜਿਸਦੇ ਹਰ ਇਕ ਦਰ 'ਤੇ ਲੱਗੇ ਪਰਦੇ ਸਭ ਫੁੱਲਦਾਰ।

ਹੁਣ ਤਾਂ ਇਕ ਇਕ ਦਿਨ ਵਿਚ ਬੰਦਾ ਬਦਲੇ ਲੱਖਾਂ ਰੰਗ,
ਹੁਣ ਤਾਂ ਇਕ- ਇਕ ਦਿਨ ਵਿਚ ਬੰਦਾ ਮਰਦਾ ਸੌ ਸੌ ਵਾਰ।

ਕੋਇਲ ਦੀ ਕੂ ਕੂ ਨੂੰ ਕਿਧਰੇ ਖਾ ਨਾ ਜਾਵੇ ਸ਼ੋਰ ,
ਧੂੰਆਂ ਕਿਧਰੇ ਖਾ ਨਾ ਜਾਵੇ ਫੁੱਲਾਂ ਦੀ ਮਹਿਕਾਰ।

ਉਡਦੀ ਫਿਰਦੀ ਜੋ ਸੀ ਲਗਦੀ ਤਿਤਲੀ ਹੌਲੀ ਫੁੱਲ
ਉਸ ਮੋਈ ਤਿਤਲੀ ਦਾ ਮਨ 'ਤੇ ਲੱਖਾਂ ਮਣ ਹੈ ਭਾਰ।

ਮੇਲੇ 'ਚੋ ਜਿਸ ਸੀ ਖੁਣਵਾਇਆ ਸੱਜੇ ਪੱਟ ਤੇ ਮੋਰ
ਆਖ ਚਰਿਤਰਹੀਣ ਕਿਸੇ ਕਿਉਂ ਉਸ ਨੂੰ ਦਿਤਾ ਮਾਰ।

## ਗ਼ਜ਼ਲ
-ਡਾ. ਸੁਰਜੀਤ ਪਾਤਰ

ਇਸ ਤੁਰਾਂ ਹੈ ਜਿਸ ਤੁਰਾਂ, ਦਿਨ ਰਾਤ ਵਿਚਲਾ ਫਾਸਿਲਾ।
ਮੇਰੀਆਂ ਰੀਝਾਂ ਮੇਰੀ ਔਕਾਤ ਵਿਚਲਾ ਫਾਸਿਲਾ।

ਲਫ਼ਜ਼ ਤਾਂ ਸਾਊ ਬਹੁਤ ਨੇ, ਯਾ ਖ਼ੁਦਾ ਬਣਿਆ ਰਹੇ,
ਮੇਰਿਆਂ ਲਫਜ਼ਾਂ ਮੇਰੇ ਜਜ਼ਬਾਤ ਵਿਚਲਾ ਫਾਸਿਲਾ।

ਹਾਂ ਮੈਂ ਆਪੇ ਕਿਹਾ ਸੀ ,ਹੌਂਠ ਸੁੱਚੇ ਰੱਖਣੇ,
ਹਾਏ ਪਰ ਇਸ ਪਿਆਸ ਤੇ ਉਸ ਬਾਤ ਵਿਚਲਾ ਫਾਸਿਲਾ।

ਜੇ ਬਹੁਤ ਹੀ ਪਿਆਸ ਹੈ ਤਾਂ ਮੇਟ ਦੇਵਾਂ, ਉਸ ਕਿਹਾ,
ਰਿਸ਼ਤਿਆਂ ਤੇ ਰਿਸ਼ਤਿਆਂ ਦੇ ਘਾਤ ਵਿਚਲਾ ਫਾਸਿਲਾ।

ਧਰਮ ਹੈ, ਇਖ਼ਲਾਕ ਹੈ,ਕਾਨੂੰਨ ਹੈ ,ਇਹ ਕੌਣ ਹੈ
ਮੇਰਿਆਂ ਬਿਰਖਾਂ ਤੇਰੀ ਬਰਸਾਤ ਵਿਚਲਾ ਫਾਸਿਲਾ।

ਉਸਦੀ ਗੱਲ ਸੁਣੋ ,ਕੀ ਰੰਗ ਕੀ ਖੀ ਰੌਸ਼ਨੀ ,
ਹਾਇ , ਪਰ ਕਿਰਦਾਰ ਤੇ ਗੱਲਬਾਤ ਵਿਚਲਾ ਫਾਸਿਲਾ।

ਜ਼ਹਿਰ ਦਾ ਪਿਆਲਾ ਮੇਰੇ ਹੋਂਠਾਂ ਤੇ ਆ ਕੇ ਰੁਕ ਗਿਆ,
ਰਹਿ ਗਿਆ ਮੇਰੇ ਅਤੇ ਸੁਕਰਾਤ ਵਿਚਲਾ ਫਾਸਿਲਾ।

## ਗ਼ਜ਼ਲ
-ਦੀਪਕ ਜੈਤੋਈ

ਜੇ ਤੁਰੇ ਸਨ ਬੇਰੁਖੀ ਤੋਂ ,ਦਿਲਬਰੀ ਤਕ ਆ ਗਏ
ਪਰ ਅਸੀਂ ਕਿਉ ਦੋਸਤੀ ਤੋਂ ,ਦੁਸ਼ਮਨੀ ਤਕ ਆ ਗਏ।

ਏਦਾਂ ਦਾ ਬੇਹੁਦਰਾ ਪਨ, ਪੱਥਰਾ ਦੇ ਯੁਗ ਵਿਚ ਵੀ ਨ ਸੀ
ਸਾਇੰਸੀ ਯੁਗ ਵਿਚ ਅਸੀਂ ਕਿਹੜੀ ਸਦੀ ਤਕ ਆ ਗਏ

ਤੇਰੇ ਅਹਿਸਾਸਾਂ 'ਚ ਤਬਦੀਲੀ ,ਨ ਐ ਦਿਲ ਆ ਸਕੀ
ਖ਼ਾਨਦਾਨੀ ਰਾਹਜ਼ਨ ਭੀ ,ਰਹਿਬਰੀ ਤਦ ਆ ਗਏ

ਦਿਨ ਦਿਹਾੜੇ ਨ੍ਹੇਰ ਮੈਂਦਾ ਵੇਖਦੀ ਹੈ ਹਰ ਨਜ਼ਰ
ਪਰ ਸਮਝਦੇ ਲੋਕ ਹਨ ,ਉਹ ਰੋਸ਼ਨੀ ਤਕ ਆ ਗਏ

ਹਰ ਘੜੀ ਰਹਿੰਦੈ ਹਰਿਕ ਬੂਹੇ ਤੇ ਸਾਇਆ ਮੌਤ ਦਾ
ਦੋਸਤ! ਕੀ ਸੱਚ ਮੁਚ ਅਸੀਂ ਹੁਣ ਜ਼ਿੰਦਗੀ ਤੱਕ ਆ ਗਏ

ਹੈ ਕੋਈ ਹਮਦਰਦ ਇਹਨਾਂ ਦਿਲ ਪ੍ਰਸਤਾਂ ਦਾ ਕਹੋ
ਹੁਸਨ ਵਾਲੇ ਹੁਣ ਤਾਂ ਅੰਤਾਂ ਦੀ ਬਦੀ ਤੱਕ ਆ ਗਏ

ਮੰਦਰਾਂ ਤੇ ਮਸਜਿਦਾਂ ਵਿੱਚ ਜਦ ਨਾ ਮਿਲ ਸਕਿਆ ਖ਼ੁਦਾ
ਹਾਰ ਕੇ ਸੂਫ਼ੀ ਭੀ ਆਖ਼ਿਰ ਮੈਅਕਸ਼ੀ ਤੱਕ ਆ ਗਏ

ਤੇਰੇ ਬੰਦਿਆਂ ਦਾ ਵਤੀਰਾ ਵੇਖ ਕੇ ਕਹਿੰਦਾ ਹੈ ਦਿਲ
ਉਹ ਨੇ ਪਾਗਲ , ਜਿਹੜੇ ਤੇਰੀ ਬੰਦਗੀ ਤੱਕ ਆ ਗਏ

ਜ਼ਾਹਿਲਾਂ ਦੀ ਕਦਰ ਦਾਨੀ ਵੇਖ ਕੇ ਸੰਜ਼ੀਦਾ ਲੋਕ
ਛੱਡ ਕੇ ਸੰਜ਼ੀਦਗੀ ,ਆਵਰਗੀ ਤੱਕ ਆ ਗਏ

ਨਾ 'ਤੇ ਹੈ ਮਾਲਾ 'ਚ ਰੱਬ ,ਨਾ ਹੈ ਖ਼ੁਦਾ ਤਸਬੀਹ ਵਿਚ
ਇਹ ਸਮਝ ਕੇ ਇਸ਼ਕ ਵਾਲੇ ਆਸ਼ਕੀ ਤੱਕ ਆ ਗਏ

ਆਪ ਦੇ ਸ਼ੇਅਰਾ 'ਚ ਤਾਂ ਸੀ ਜ਼ਿੰਦਗੀ ਦਾ ਫ਼ਲਸਫਾ
ਓ ਮਯਾਂ ! ਦੀਪਕ ਤੁਸੀਂ ਦੀਵਾਨਗੀ ਤੱਕ ਆ ਗਏ।

## ਬਹੁਰੂਪੀਆ
-ਕੁਲਦੀਪ ਸਿੰਘ ਨੀਲਮ

**ਮੈਨੂੰ ਬੜਾ ਹੈ ਨਾਜ਼ ਕਾਦਰ ਦੀ ਕਾਇਨਾਤ ਤੇ
ਪਰ ਨਹੀਂ ਯਕੀਨ ਆਉਂਦਾ ਬੰਦੇ ਦੀ ਜ਼ਾਤ ਤੇ**

**ਦਿਨ ਵਿਚ ਹਜ਼ਾਰ ਚੇਹਰੇ ਬਦਲਦਾ ਬਹੁਰੂਪੀਆ
ਫਿਰ ਕੇਹੜਾ ਕਰੇ ਇਹਤਬਾਰ ਇਸ ਕਮਜਾਤ ਤੇ**

**ਨਾ ਇਸ ਦਾ ਕੋਈ ਅਸੂਲ ਹੈ ਨਾ ਧਰਮ ਤੇ ਈਮਾਨ
ਕਰਦਾ ਫਰੇਬ ਹੈ ਬੰਦਾ ਹਰ ਬਾਤ ਬਾਤ ਤੇ**

**ਜੀਵਾਂ ਦੇ ਇਸ ਸਿਰਮੋਰ ਤੋਂ ਤਾਂ ਜਾਨਵਰ ਭਲੇ
ਜੋ ਦੇ ਰਹੇ ਹਨ ਪਹਿਰਾ ਆਪੋ- ਅਪਣੀ ਜ਼ਾਤ ਤੇ**

**ਰੱਬ ਨੇ ਬਣਾਈ ਦੁਨੀਆਂ ਸਭ ਜੀਵਾਂ ਦੇ ਲਈ
ਇਹ ਮੱਲ ਮਾਰ ਬੈਠਾ ਰੱਬ ਦੀ ਸੁਗਾਤ ਤ**

**ਬੰਦੇ ਨੇ ਹਰ ਜਗਾਹ ਪਾਈਆਂ ਨੇ ਭੰਡੀਆਂ
ਕਰਦਾ ਏ ਸ਼ਕ ਬੰਦਾ ਰੱਬ ਦੀ ਕਰਾਮਾਤ ਤੇ**

**ਖ਼ੁਦ ਈਰਖਾ ਦੀ ਅਗ ਵਿਚ ਆਪ ਸੜ ਰਿਹ
ਹੋਰਾਂ ਨੂੰ ਦੇਂਦਾ ਭਾਸ਼ਨ ਇਹ ਭਾਂਤ ਭਾਂਤ ਦੇ**

**ਬੰਦੇ ਨੇ ਵੰਡੀ ਧਰਤੀ ਤੇ ਅਕਾਸ਼ ਵੰਡ ਲਏ
ਧਰਮਾਂ 'ਚ ਵੰਡੀ ਮਾਨੁਖਤਾ ਇਸ ਬਦਜ਼ਾਤ ਨੇ**

**ਵੇਖੋ! ਹੁਣ ਬੰਦਾ ਕੇਹੜੇ ਤਾਰੇ ਹੈ ਤੋੜਦਾ-
ਇਹਦਾ ਨਾ ਰੱਜ ਹੋਇਆ ਧਰਤੀ ਦੀ ਦਾਤ ਤੇ**

**ਧਰਤੀ ਹਵਾ ਤੇ ਜਲ 'ਚ ਬੰਦੇ ਜ਼ਹਿਰ ਘੋਲਿਆ
ਕੁਦਰਤ ਵੀ ਪ੍ਰੇਸ਼ਾਨ ਹੈ ਇਹਦੀ ਵਾਹਿਯਾਤ ਤੇ**

**ਲਾਲਿਚ ਤੇ ਤੋੜ ਫੋੜ 'ਚ ਛੱਡੀ ਨਾ ਇਸ ਕਸਰ
ਮਾਤਿਮ ਹੁਣ ਛਾ ਰਿਹਾ ਹੈ ਇਸ ਦੇ ਬਾਗਾਤ ਤੇ**

**ਛੱਡ ਹੂੜ ਮਤ ਬੰਦੇ ਕੁਝ ਚੰਗੇ ਕੰਮ ਕਰ
ਕਿਉਂ ਪੋਚਨਾ ਹੈਂ ਕਾਲਿਖ ਮਾਨੁਖ ਦੀ ਜਾਤ ਤੇ?**

**ਇਕ ਰੋਜ ਖਾਲੀ ਹਥੀਂ ਜਾਣਾ ਪਏਗਾ ਤੈਨੂੰ
ਐਂਵੇਂ ਨਾ ਫੁਲਿਆ ਫਿਰ ਤੂੰ ਅਪਣੀ ਔਕਾਤ ਤੇ**

**ਨਾ ਦੇ ਜ਼ਬਾਨ ਮੈਨੂੰ ਯਾਂ ਬੰਦੇ ਨੂੰ ਅਕਲ ਦੇ
ਮੈਂ ਸ਼ਰਮਸਾਰ ਹਾਂ ਰੱਬਾ ਖ਼ੁਦ ਅਪਣੇ ਆਪ ਤੇ!**

## ਲੋਕ -ਗੀਤ
### ਛੰਦ

ਛੰਦ ਪਰਾਗੇ ਆਈਏ ਜਾਈਏ ,
ਛੰਦ ਪਰਾਗੇ ਛੰਦ ਪਰਾਗੇ ਤਰ!
ਲੋਕ ਭਾਨੀਆਂ ਮਾਰਦੇ ਸੰਯੋਗ ਜ਼ੋਰਾਵਰ।
ਛੰਦ ਪਰਾਗੇ ਆਈਏ ਜਾਈਏ ,ਛੰਦ ਪਰਾਗੇ ਬਰੂਟੀ।
ਸੌਹਰਾ ਫੁੱਲ ਗੁਲਾਬ ਦਾ ,ਸੱਸ ਚੰਬੇ ਦੀ ਬੂਟੀ।
ਛੰਦ ਪਰਾਗੇ ਆਈਏ ਜਾਈਏ ,ਛੰਦ ਪਰਾਗੇ ਖੀਰਾ
ਧੀ ਤਾਂ ਤੁਹਾਡੀ ਇੰਝ ਰਖਸਾਂ ,ਜਿਉਂ ਮੁੰਦਰ੍ਹੀ ਵਿਚ ਹੀਰਾ।
ਛੰਦ ਪਰਾਗੇ ਆਈਏ ਜਾਈਏ ,ਛੰਦ ਪਰਾਗੇ ਗਹਿਣਾ!
ਛੇਤੀ ਛੇਤੀ ਟੋਰੋ ਕੁੜੀ ਨੂੰ ,ਹੋਰ ਨਹੀਂ ਮੈਂ ਬਹਿਣਾ।

## ਬੋਲੀਆਂ
-ਮਹਿੰਦਰ ਸੂਮਲ

ਕੈਮਲੂਰ ਦੀਆਂ ਮੱਛੀਆਂ ਚੰਗੀਆਂ
ਦਰਿਆਵਾਂ ਦਾ ਪਾਣੀ
ਅਲਬਰਨੀ ਦੀ ਲੱਕੜ ਚੰਗੀ
ਕਹਿੰਦੇ ਲੋਕ ਜਪਾਨੀ
ਵੈਨਕੂਵਰ ਤਾਂ ਸਭ ਤੋਂ ਸੋਹਣਾ
ਕਹਿ ਗਈ ਲੰਡਨ ਦੀ ਰਾਣੀ
ਅੰਡਮਿੰਨਟਨ ਦੀ ਹਾਕੀ ਚੰਗੀ
ਜਾਂਦੀ ਨਾਲ ਗਰੈਕਸੀ ਜਾਣੀ
ਕੈਲਗਰੀ ਤਾਂ ਘਰ ਹੈ ਤੇਲ ਦਾ
ਮਹਿੰਗਾ ਮਿਲਦਾ ਪਾਣੀ
ਵਿਚ ਟਰੰਟੋ ਸੀ ਐਨ ਟੌਵਰ
ਜਾ ਲਗਦਾ ਅਸਮਾਨੀ
ਨੱਚ ਗੁਰਮੇਲ ਕੁਰੇ
ਤੇਰੀ ਧਮਕ ਵਿੰਨੀਪੈਂਗ ਜਾਣੀਂ
ਨੱਚ ਗੁਰਮੇਲ ਕੁਰੇ

ਘਰ ਤਾਂ ਇੱਥੇ ਕੋਲੋ ਕੋਲੀ
ਸਭ ਨੇ ਕੋਠੀਆਂ ਪਾਈਆਂ
ਕੋਈ ਨਾ ਲੱਗੇ ਗੁਆਂਢੀ ਆਪਣਾ
ਗੱਲਾਂ ਕਰਨ ਪਰਾਈਆ
'ਹਾਏ' ਕਹਿਕੇ ਅੰਦਰ ਵੜ ਜਾਏ
ਮੱਥੇ ਤਿਉੜੀਆਂ ਪਾਈਆਂ
ਮੇਰੇ ਹਾਣ ਦਿਆ
ਰਾਤਾਂ ਖਾਣ ਨੂੰ ਆਈਆਂ
ਮੇਰੇ ਹਾਣ ਦਿਆ

ਰਾਈ ਰਾਈ ਰਾਈ
ਜ਼ੈਲਦਾਰਨੀ ਜਾਵੇ ਫਾਰਮੀਂ
ਪਾਰੋ ਕਰੇ ਸਫ਼ਾਈ
ਬਚਨ ਕੌਰ ਜੋ ਕੁੜੀ ਗਿੱਲਾਂ ਦੀ
ਘਰੇ ਹੀ ਕਰੇ ਸਿਲਾਈ
ਰਤਨੀ ਬਾਬੇ ਕੀ
ਕਰ ਗਈ ਉੱਚੀ ਪੜ੍ਹਾਈ

ਸੁਣ ਭਾਬੀ ਮੇਰਾ ਵੀਰ ਪਿਆਰਾ
ਰੋਜ਼ ਤੇਰੇ ਨਾਲ ਲੜਦਾ
ਤੂੰ ਕਰਦੀ ਦੋ ਦੋ ਸ਼ਿਫਟਾਂ
ਖ਼ਰਚ ਤੋਰਦੀ ਘਰ ਦਾ
ਕਰਕੇ ਬਹਿ ਗਿਆ ਉਚੀ ਪੜਾਈ
ਡੱਕਾ ਕੰਮ ਨਾ ਕਰਦਾ
ਵਿਚ ਪਰਦੇਸਾਂ ਦੇ
ਵਿਹਲਿਆਂ ,ਵੀਰ ਨਾ ਸਰਦਾ
ਵਿਚ ਪਰਦੇਸਾਂ ਦੇ

ਦੂਰ ਦੇਸ਼ ਇੱਥੇ ਆਏ ਪੰਜਾਬੀ
ਆ ਗਏ ਕਰਨ ਕਮਾਈਆਂ
ਪਹਿਲਾਂ ਤਾਂ ਸੀ ਰਲ ਮਿਲ ਬਹਿੰਦੇ
ਹੁਣ ਤਾਂ ਕਰਨ ਲੜਾਈਆਂ
ਨਸ਼ਿਆ ਦੇ ਵਿੱਚ ਰੁਲ ਗਏ ਬੱਚੇ
ਹੋਰ ਵੀ ਬਹੁਤ ਬੁਰਾਈਆਂ
ਰੁਲ ਗਈਆਂ ਚਾਦੀ ਰੰਗੀਆਂ
ਵੱਡਿਆ ਘਰਾਂ ਦੀਆਂ ਜਾਈਆਂ
ਰੁਲ ਗਈਆਂ ਚਾਦੀ ਰੰਗੀਆਂ

ਸਾਡੇ ਪਾਠਕਾਂ ਦੇ ਪਿਆਰ ਤੇ ਹੁੰਗਾਰੇ ਸਦਕਾ ਅਗਾਊਂ ਸਾਡੀ ਕੋਸਿਸ਼ ਰਹੇਗੀ ਕਿ 'ਸਾਹਿਤਨਾਮਾ' ਹਰ ਹੀਲੇ , ਮਹੀਨੇ ਦੇ ਆਖਰੀ ਹਫ਼ਤੇ ਛਾਪਿਆ ਕਰੀਏ ।
- ਸੰਪਾਦਕ

## ਗ਼ਜ਼ਲ
-ਸ਼ੁਭਾਸ਼ ਕਲਾਕਾਰ

ਸ਼ਾਮ ਉਦਾਸੀ ਕਿਉਂ ਹੈ ਦੀਵੇ ਬਾਲ ਦਿਉ।
ਰਾਤਾਂ ਨੂੰ ਵੀ ਦਿਨ ਵਰਗਾ ਇਕਬਾਲ ਦਿਉ।
ਅੱਜ ਦੀ ਗੱਲ ਕਲ ਉਤੇ ਨਾ ਟਾਲ ਦਿਉ ,
ਮਿਹਨਤ ਦਾ ਫ਼ਲ ਸਭ ਨੂੰ ਨਾਲੋ ਨਾਲ਼ ਦਿਉ।
ਜਾਣ ਵਾਲਿਉ! ਤੁਸੀਂ ਤਾਂ ਖੇਡ ਪੁਗਾ ਚੱਲੇ,
ਆਉਣ ਵਾਲਿਆਂ ਹੋਰਾਂ ਨੂੰ ਵੀ ਚਾਲ ਦਿਉ।
ਕੀ ਹੋਇਆ ਜੇ ਪਿਛੇ ਵੱਲ ਮੈਂ ਝਾਕ ਰਿਹਾ,
ਨਾਲ ਮੈਨੂੰ ਵੀ ਲੈ ਚੱਲੋ ਮੇਰੇ ਨਾਲ ਦਿਉ।
ਤਾਰੇ ਜਿਸ ਦੀਆਂ ਰਾਤੀਂ ਗੱਲਾਂ ਕਰਦੇ ਨੇ,
ਚੰਨ ਤੋਂ ਵਧ ਕੇ ਉਸਦੀ ਹੋਰ ਮਿਸਾਲ ਦਿਉ।
ਏਸ ਵਰ੍ਹੇ ਵੀ ਉਡੀਕਾਂ ਆ ਜਾਉ,
ਕਿਥੇ ਓ!ਹੁਣ ਸਾਥੀ ਪਿਛਲੇ ਸਾਲ ਦਿਉ।
ਇਹ ਪੱਥਰ ਵੀ ਮੋਮ ਬਣਨ ਇੰਸ਼ਾ-ਅੱਲਾ,
ਦੁਨੀਆਂ ਦੇ ਗ਼ਮ ਖ਼ੁਸ਼ੀਆਂ ਅੰਦਰ ਢਾਲ ਦਿਉ।

ਸਾਹਿਤ ਜੀਵਨ ਦਾ ਸ਼ੀਸ਼ਾ ਹੈ

## ਵੈਰਾਗੀ
-ਕੁਲਦੀਪ ਬਾਸੀ , ਅਮਰੀਕਾ
(651 748 1061)

ਅੱਖਾਂ ਮੀਚ ਲਵਾਂ, ਹੱਥ ਜੋੜ ਬੈਠਾਂ,
ਬੈਠਾਂ ਕਦੇ ਮੈਂ ਚੌਂਕੜੀ ਮਾਰਕੇ ਵੀ।
ਮਨ ਚੰਚਲ ਨੂੰ ਰੋਕਣਾਂ ਔਖਾ ਹੋਇਆ,
ਵੇਖ ਲਿਆ ਹੈ ਰਾਮ ਉਚਾਰ ਕੇ ਵੀ।
ਅੱਖਾਂ ਬੰਦ ਦੀ ਨਹੀਂ ਪਰਵਾਹ ਰੱਤੀ,
ਮਨ ਭੈੜਾ ਤਾਂ ਬਹੁੱਤ ਸਤਾਈ ਜਾਂਦਾ।
ਭੱਜਣ ਲਈ ਇਹ ਲੱਭਦਾ ਗੁਪਤ ਰਸਤੇ,
ਜਿਥੇ ਨਹੀਂ ਜਾਣਾ ਧੱਕਿਓਂ ਜਾਈ ਜਾਂਦਾ।
ਹੋਕੇ ਦੁਖੀ ਪਰਤ ਜਦ ਘਰ ਆਵੇ,
ਘਰ ਆਕੇ ਕਿਉਂ ਇਹ ਵਿਲਕਦਾ ਹੈ?
ਤੰਗ ਆ ਗਿਆ ਇਹਦੀਆਂ ਆਦਤਾਂ ਤੋਂ,
ਸਿੱਧੇ ਰਾਹਾਂ ਤੋਂ ਐਵੇਂ ਕਿਉਂ ਤਿਲ੍ਹਕਦਾ ਹੈ।
ਦਯਾ ਭਾਲਦਾ ਕਿਉਂ ਨਿਰਦੱਈਆਂ ਤੋਂ?
ਜਾ ਜਾ ਖਾਹਮਖਾ ਪਿਆਰ ਜਤਾਈ ਜਾਂਦਾ।
ਕਿਉਂ ਨੀ ਸਮਝਦਾ ਪਾਗਲ ਇਹ ਰੱਬ ਜਾਣੇ,
ਇਜ਼ਤ ਖੋ ਲੈਂਦਾ ਧੋਖਾ ਖਾਈ ਜਾਂਦਾ।
ਭੈੜਾ ਰੱਖਦਾ ਆਸ ਹੈ ਐਸਿਆਂ ਤੋਂ।
ਖਦਮ ਕਦਮ ਤੇ ਜਿਨ੍ਹਾਂ ਨਰਾਸ਼ ਕੀਤਾ।
ਕ੍ਰਿਤਘਣਾਂ ਨੂੰ ਮੁੜ ਮੁੜ ਇਸਨੇ,
ਸੀਨੇ ਲਾ ਲਾ ਅਪਣਾਂ ਨਾਸ ਕੀਤਾ।
ਧੋਖਾ ਖਾ ਖਾ ਇਹਨੂੰ ਖ਼ੁਮਾਰੀ ਚੜ੍ਹਦੀ,
ਧੋਖਾ ਦਿੰਦੀ ਐ ਵਾਰੋ ਵਾਰ ਦੁਨੀਆਂ।
ਤੋੜਨ ਲੱਗਿਆਂ ਜਿਨ੍ਹਾਂ ਨਾਂ ਪਲ ਲਾਇਆ।
ਦਿਲ ਤੇ ਉਨ੍ਹਾਂ ਦੀ ਯਾਦਾਂ ਵੀ ਏਸ ਖੁਣੀਆਂ।
ਝੱਲਾ ਹਇਔ ਫਿਰੇ ਇਹ ਪਾਗਲ।
ਦੁਖੀ ਰਹਿਣ ਦੀ ਪਾ ਲਈ ਭੈੜੀ ਵਾਦੀ।
ਕਿਉਂ ਅਪਣਾ ਝੁਗਾ ਹੀ ਚੌੜ ਕਰਦਾ?
ਆਪ ਅਪਣੇ ਆਪ ਦਾ ਅੱਤਵਾਦੀ।
ਗੁਰੂ ਕਹੇ ਮਨ ਇਕਾਗਰ ਕਰਲੋ।
ਇਹ ਤਾਂ ਆਤਮਾ ਤੋਂ ਹੋਇਆ ਫਿਰੇ ਬਾਗ਼ੀ।
ਕਿਉਂ ਬਿਰਹਾ ਦੇ ਰਾਗ ਅਲਾਪੀ ਜਾਵੇ?
ਬੰਨ੍ਹੇ ਖੁਲ੍ਹੀਆਂ ਗੰਢਾਂ ਕਿਉਂ ਵੈਰਾਗੀ?

KULDIP.BASSI@spps.org

## ਦੋ ਨਜ਼ਮਾਂ
-ਤਨਦੀਪ ਤਮੰਨਾ (ਕੈਨੇਡਾ )

### ਵਜੂਦ

ਮੈਂ ਇੱਕ ਸੂਲ਼ ਹਾਂ
ਮੇਰੀ ਮਾਂ ਵੀ ਤਾਂ ਇੱਕ ਸੂਲ਼ ਹੀ ਸੀ
ਮੈਂ ਓਸੇ ਤੋਂ ਤਾਂ ਜਨਮ ਲਿਐ
ਆਖ਼ਿਰ ਸੂਲ਼ ਤੋਂ ਸੂਲ਼ ਹੀ ਸੀ ਪੈਦਾ ਹੋਣੀ!
ਤੇ ਮੈਂ ਅੱਗੇ ਵੀ ਜਨਮ ਦੇਣੈ-
ਇੱਕ ਸੂਲ਼ ਨੂੰ ਹੀ!
ਕਹਿੰਦੇ ਨੇ:
ਜੰਮਦੀਆਂ ਸੂਲ਼ਾਂ ਦੇ ਹੁੰਦੇ ਨੇ ਮੂੰਹ ਤਿੱਖੇ1
ਪਰ ਜਨਾਬ!
ਸਾਡੇ ਤਾਂ ਜਨਮ ਤੋਂ ਹੀ
ਪੈਰਾਂ 'ਚ ਪਾ ਦਿੱਤੀਆਂ ਜਾਂਦੀਆਂ ਨੇ ਜ਼ੰਜੀਰਾਂ1
ਜ਼ੰਜੀਰਾਂ ਏਸ ਕਰਕੇ-
ਕਿ ਉਮਰ ਭਰ ਕਰੀਏ ਫੁੱਲਾਂ ਦੀ ਰਾਖੀ!
ਨਹੀਂ ਜਾਣਦੇ ਭੋਲ਼ੇ ਪੰਛੀ ਕਿ ਕਿਓਂ ਕਰਦੀਆਂ ਨੇ
ਸੂਲ਼ਾਂ ਫੁੱਲ਼ਾਂ ਦੀ ਰਾਖੀ

ਜਾਂ ਫ਼ਿਰ ਮੈਂ-
ਦੀਵੇ ਦੀ ਲਟ-ਲਟ ਬਲ਼ਦੀ ਹੋਈ ਲੋਅ ਹਾਂ
ਤੇ ਮੇਰੀ ਮਾਂ -
ਦੀਵੇ ਦੀ ਬੁਝਦੀ ਹੋਈ,ਮੱਧਮ ਜਿਹੀ ਲੋਅ!
ਤੇ ਮੈਥੋਂ ਅੱਗੇ ਵੀ ਬਲ਼ੇਗੀ-
ਇੱਕ ਹੋਰ ਦੀਵੇ ਦੀ ਲੋਅ
ਪਰ ਓਦੋਂ ਤੱਕ ਪਹੁੰਚ ਜਾਵਾਂਗੀ
ਮੈਂ ਆਪਣੀ ਮਾਂ ਦੇ ਮੁਕਾਮ 'ਤੇ!
ਤੇ ਆਪਣੇ ਤੋਂ ਅੱਗੇ ਬਲ਼ਦੀ ਲੋਅ ਲਈ-
ਖ਼ੌਫ਼ ਮੇਰੇ ਅੰਦਰ ਰਹੇਗਾ ਬਣਿਆ
ਤੇ ਮੈਂ ਮੱਧਮ ਜਿਹੀ ਹੁੰਦੀ
ਆਪਣੀ ਧੀ ਦੁਆਲ਼ੇ
ਭਾਉਂਦੇ ਪਤੰਗਿਆਂ ਨੂੰ ਦੇਖਾਂਗੀ
ਆਪਣੀ ਧੀ ਨੂੰ ਲਟ-ਲਟ
ਬਲ਼ਣ ਦਾ ਅਸ਼ੀਰਵਾਦ ਦੇ-
ਮੈਂ ਹੋ ਜਾਵਾਂਗੀ ਮੱਧਮ
ਮੈਂ ਜੋ ਕਿ-
ਜਾਂ ਤਾਂ ਇੱਕ ਸੂਲ਼ ਹਾਂ
ਜਾਂ ਫ਼ਿਰ ਦੀਵੇ ਦੀ ਲਟ-ਲਟ
ਬਲ਼ਦੀ ਹੋਈ ਲੋਅ

### ਕੰਢਾ,ਭੰਵਰ ਤੇ ਬੇਨਾਮ ਖ਼ਤ

ਠੇਲ੍ਹ ਕੇ ਦਰਿਆ 'ਚ ਬੇੜੀ
ਉਹ ਭੁੱਲ ਗਿਆ
ਮੰਜ਼ਿਲ ਦਾ ਪਤਾ
ਕਿਨਾਰੇ ਨੇ ਕਿਹਾ:
ਓਸ ਪਾਰ ਹੈ ਤੇਰਾ ਟਿਕਾਣਾ1
ਉਹ ਜਾ ਲੱਗਿਆ ਓਸ ਕਿਨਾਰੇ
ਤਾਂ ਆਈ ਆਵਾਜ਼-
ਤੂੰ ਭਟਕ ਗਿਓਂ ਸ਼ਾਇਦ!
ਪਿਛਲੇ ਕੰਢੇ ਸੀ ਤੇਰਾ ਠਿਕਾਣਾ

ਇਓਂ ਇੱਕ ਕੰਢਾ ਕਰਦਾ ਰਿਹਾ
ਗੁੰਮਰਾਹ ਉਸਨੂੰ ਦੂਜੇ ਕੰਢੇ ਤੱਕ
ਏਨੇ ਨੂੰ ਭੰਵਰ ਨੇ ਦਿਤੀ ਆਵਾਜ਼-
ਜਿਨ੍ਹਾ ਨੂੰ ਨਹੀਂ ਝੱਲਦੇ ਕੰਢੇ
ਮੇਰੇ ਕੋਲ਼ ਮਹਿਫੂਜ਼ ਰਹਿੰਦੈ-
ਉਹਨਾਂ ਦਾ ਸਿਰਨਾਵਾਂ!
ਸਮਾ ਕੇ ਭੰਵਰ ਦੀ ਆਗ਼ੋਸ਼ ਵਿੱਚ-
ਮੁੱਕ ਗਈ ਓਹਦੀ ਤਲਾਸ਼!
ਮਿਲ਼ ਹੀ ਗਿਆ ਉਸਨੂੰ
ਆਪਣੀ ਮੰਜ਼ਿਲ ਦਾ ਖ਼ੁਰਾ
ਬੇਨਾਮ ਖ਼ਤ ਵਰਗਾ ਸੀ-
ਉਸਦਾ ਵਜੂਦ
ਜੋ ਅਚਨਚੇਤ ਪਹੁੰਚ ਜਾਵੇ
ਠੀਕ ਪਤੇ ਤੇ